This question paper contains 4 printed pages]

*Your Roll No*................

**4641**

**B.A. (PROGRAMME)/II** **C**

PUNJABI DISCIPLINE—Paper II

**(Compulsory)**

(Admissions of 2004/2006 and after in respect

of the students of Regular Colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਦੋ ਕਵਿਤਾਵਾਂ ਦੇ ਵਿਸ਼ੇ ਬਾਰੇ ਲਿਖੋ : 15

(*i*) ਅੰਨਦਾਤਾ – ਅੰਮ੍ਰਿਤਾ ਪ੍ਰੀਤਮ

(*ii*) ਮਾਏ ਨੀ – ਡਾ. ਹਰਿਭਜਨ ਸਿੰਘ

(*iii*) ਕਾਹਨੂੰ ਬਾਲਦੈਂ – ਤਾਰਾ ਸਿੰਘ

(*iv*) ਚੌਕ ਸ਼ਹੀਦਾਂ ਵਿਚ ਉਸਦਾ ਆਖਰੀ ਭਾਸ਼ਣ – ਸੁਰਜੀਤ ਪਾਤਰ ।

2. ਹਰਚਰਨ ਸਿੰਘ ਦੇ ਨਾਟਕ 'ਕਲ੍ਹ, ਅੱਜ ਤੇ ਭਲ੍ਹਕ' ਦਾ ਕਥਾ-ਸਾਰ ਆਪਣੇ ਸ਼ਬਦਾਂ ਵਿਚ ਲਿਖੋ ।

ਜਾਂ

'ਕਲ੍ਹ, ਅੱਜ ਤੇ ਭਲ੍ਹਕ' ਨਾਟਕ ਦੀ ਸਾਹਿਤਕ ਅਲੋਚਨਾ ਕਰੋ । 15

3. ਆਪਣੇ ਜ਼ਿਲ੍ਹੇ ਦੇ ਪੁਲਿਸ ਕਪਤਾਨ (ਸੁਪਰਿੰਟੈਂਡੈਂਟ ਪੁਲਿਸ) ਨੂੰ ਬਿਨੈ-ਪੱਤਰ ਲਿਖੋ ਕਿ ਤੁਹਾਡੇ ਇਲਾਕੇ ਜਾਂ ਮੁਹੱਲੇ ਵਿਚ ਗੁੰਡਾ-ਗਰਦੀ ਬਹੁਤ ਵੱਧ ਰਹੀ ਹੈ । ਇਸਨੂੰ ਰੋਕਣ ਦਾ ਕੋਈ ਕਰੜਾ ਪ੍ਰਬੰਧ ਕੀਤਾ ਜਾਵੇ ।

ਜਾਂ

ਆਪਣੇ ਇਲਾਕੇ ਦੇ ਐੱਮ. ਐੱਲ. ਏ. ਨੂੰ ਪੱਤਰ ਲਿਖਕੇ ਆਪਣੇ ਇਲਾਕੇ ਦੀਆਂ ਸੜਕਾਂ ਦੀ ਖਸਤਾ ਹਾਲਤ ਦੱਸ ਕੇ ਜਲਦੀ ਤੋਂ ਜਲਦੀ ਸੜਕਾਂ ਦੀ ਮੁਰੰਮਤ ਕਰਵਾਉਣ ਲਈ ਕਹੋ । 10

4. ਹੇਠ ਲਿਖੇ ਪੈਰੇ ਨੂੰ ਸੰਖੇਪ ਕਰ ਕੇ ਲਿਖੋ ਅਤੇ ਕੋਈ ਢੁੱਕਵਾਂ ਸਿਰਲੇਖ ਵੀ ਦਸੋ :

ਜੰਗ ਨਾਲ ਅਨੇਕਾਂ ਦੇਸ਼ਾਂ ਦੀ ਬਰਬਾਦੀ ਹੋ ਜਾਂਦੀ ਹੈ । ਲੱਖਾਂ ਮਾਵਾਂ ਦੇ ਪੁੱਤਰ, ਭੈਣਾਂ ਦੇ ਵੀਰ ਤੇ ਪਤਨੀਆਂ ਦੇ ਪਤੀ ਗੋਲੀਆਂ ਤੇ ਬੰਬਾਂ ਦੀ ਚਪੇਟ ਵਿਚ ਆ ਕੇ ਉਹਨਾਂ ਪਾਸੋਂ ਵਿੱਛਣ ਜਾਂਦੇ ਹਨ ? ਪਹਿਲੇ ਸਮਿਆਂ ਵਿਚ ਲੜਾਈ ਦਾ ਫੈਸਲਾ ਮੈਦਾਨ ਵਿਚ ਹੀ ਹੋ ਜਾਇਆ

ਕਰਦਾ ਸੀ । ਪਿਛਲੇ ਸਮੇਂ ਦੇ ਲੋਕ, ਜਿਨ੍ਹਾਂ ਨੂੰ ਅਜਕਲ ਦੇ ਨੀਤੀਵਾਨ ਬੇਵਕੂਫ ਆਖਦੇ ਹਨ, ਇਸਤ੍ਰੀਆਂ ਬੱਚੀਆਂ ਤੇ ਯਤੀਮਾਂ ਨੂੰ ਲੜਾਈ ਦੀ ਚਪੇਟ ਵਿਚ ਨਹੀਂ ਲਿਆਉਂਦੇ ਸਨ । ਉਨ੍ਹਾਂ ਸਮਿਆਂ ਵਿਚ ਬੇਹਥਿਆਰੀ ਜਨਤਾ ਬਚੀ ਰਹਿੰਦੀ ਸੀ । ਕੇਵਲ ਬਹਾਦਰ ਹੀ ਮੈਦਾਨ ਵਿਚ ਜਾ ਕੇ ਲੜਾਈ ਕਰਦੇ ਸਨ । ਅਜ ਦੀ ਜੰਗ ਵਿਚ ਹਵਾਈ ਜਹਾਜ਼ਾਂ ਦੇ ਧਾਵੇ ਦੇਸ਼ ਦੇ ਕੋਨੇ ਕੋਨੇ ਨੂੰ ਤਬਾਹ ਕਰ ਦੇਂਦੇ ਹਨ । ਹੁਣ ਤਬਾਹੀ ਕੇਵਲ ਬੰਬ ਹੀ ਨਹੀਂ ਕਰਦੇ, ਸਗੋਂ ਜ਼ਹਿਰੀਲੀਆਂ ਗੈਸਾਂ, ਬਿਮਾਰੀਆਂ ਦੇ ਜਿਰਮ ਖੁਰਾਕ ਵਿਚ ਮਿਲ ਕੇ ਚੰਗੀ ਤਰ੍ਹਾਂ ਸਭਿਅਤਾ ਦਾ ਨਾਸ ਕੀਤਾ ਜਾਂਦਾ ਹੈ । ਹੁਣ ਹਾਈਡਰੋਜਨ ਬੰਬਾਂ ਨੇ ਤਾਂ ਬੇਅੰਤ ਤਬਾਹੀ ਕੀਤੀ ਹੈ । 10

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਉੱਤਰ ਲਿਖੋ :

(*i*) ਵਾਕ ਤੇ ਉਪਵਾਕ ਦਾ ਅੰਤਰ ਸਪਸ਼ੱਟ ਕਰੋ ।

(*ii*) ਵਿਆਕਰਣ ਤੋਂ ਕੀ ਭਾਵ ਹੈ ? ਇਸ ਨੂੰ ਕਿੰਨਿਆਂ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ?

(*iii*) ਵਾਕ-ਵੰਡ ਕਿਸ ਨੂੰ ਆਖਦੇ ਹਨ ? ਵਾਕ-ਵੰਡ ਕਰਨ ਲੱਗਿਆਂ ਕਿਹੜੀਆਂ ਗੱਲਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ ? 10

6. ਹੇਠ ਲਿਖੇ ਪ੍ਰਸ਼ਨਾਂ ਦੇ ਸਖੇਪ ਉੱਤਰ ਲਿਖੋ :

(*i*) ਨਾਟਕ 'ਅੱਜ, ਕਲ੍ਹ ਤੇ ਭਲ੍ਹਕ' ਨਾਟਕ ਵਿਚਲੀ ਇਸਤਰੀ ਪਾਤਰ 'ਲਾਜੋ' ਨਾਲ ਜਾਣ-ਪਛਾਣ ਕਰਾਉ ।

(*ii*) ਨਾਟਕ 'ਅੱਜ, ਕਲ੍ਹ ਤੇ ਭਲ੍ਹਕ' ਵਿਚੋਂ ਭ੍ਰਿਸ਼ਟਾਚਾਰ ਨਾਲ ਸੰਬੰਧਤ ਕੋਈ ਇਕ ਘਟਨਾ ਲਿਖੋ ।

(*iii*) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਇਕ ਸ਼ਹਿਰ' ਵਿਚ ਸ਼ਹਿਰਾਂ ਦੀ ਕਿਸ ਤਰ੍ਹਾਂ ਦੀ ਸਥਿਤੀ ਦਾ ਬਿਆਨ ਹੈ ?

(*iv*) ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ 'ਕੱਤਕ ਕੂੰਜਾਂ' ਸਾਨੂੰ ਕੀ ਸੰਦੇਸ਼ ਦਿੰਦੀ ਹੈ ?

(*v*) ਭਾਈ ਵੀਰ ਸਿੰਘ ਦੀ ਕਵਿਤਾ 'ਕਾਵਿ ਰੰਗ ਸੁੰਦਰਤਾ' ਦਾ ਕੇਂਦਰੀ ਭਾਵ ਕੀ ਹੈ ? $5 \times 3 = 15$